**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਅ ਅਫਸਰ (ਸੈਸਿ), ਪੰਜਾਬ।

ਮੀਮੋ ਨੰ: 15/1-2017 ਕੋ ਸ਼ਾਖਾ (1)/752
ਮਿਤੀ: 28.12.2017

**ਵਿਸ਼ਾ: ਸਾਲ 2018 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ (Liaision Officer) ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।**

ਹਵਾਲਾ: ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) ਦਾ ਪੱਤਰ ਨੰ: **9/2/2017-ਜੀ.ਸੀ.(1)/18240** ਮਿਤੀ 07.12.2017.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਜੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਪੱਤਰ ਦੀ ਕਾਪੀ

ਰਜਿਸਟਰਾਰ ਸਿੱਖਿਆ ਵਿਭਾਗ

ਪਿੱ. ਅੰ. ਨੰ. ਉਕਤ ਮਿਤੀ: 28.12 .2017

ਉਤਾਰਾ ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ ਵਿਖੇ ਸਮੂਹ ਸ਼ਾਖਾ ਅਧਿਕਾਰੀ/ਸ਼ਾਖਾ ਮੁੱਖੀ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਰਜਿਸਟਰਾਰ ਸਿੱਖਿਆ ਵਿਭਾਗ

ਸਿਤੀ ਬੱਧ
31-12-2017

ਨੰ: 9/2/2017-ਜੀ.ਸੀ.(1)/18240

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਆਮ ਤਾਲਮੇਲ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ।

ਦਫਤਰ ... (ਸੈ:ਸਿ)
ਡਾਇਰੀ ... 75512
ਮਿਤੀ: ...21.12.17

ਮਿਤੀ, ਚੰਡੀਗੜ੍ਹ: 7-12-2017

18.12.17 ADCL

ਵਿਸ਼ਾ:- ਸਾਲ 2018 ਦੌਰਾਨ ਪਾਕਿਸਤਾਨ ਵਿਖੇ ਵੱਖ ਵੱਖ ਸਮਾਗਮਾਂ ਤੇ ਪਾਕਿਸਤਾਨ ਜਾਣ ਵਾਲੇ ਜੱਥਿਆਂ ਨਾਲ ਸੰਪਰਕ ਅਫਸਰ (Liaison Officer) ਅਤੇ ਪ੍ਰੇਖਕ ਨਿਯੁਕਤ ਕਰਨ ਬਾਰੇ।

******

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਾਲ 2018 ਵਿੱਚ ਨਿਮਨ ਲਿਖਤ ਸਮਾਗਮਾਂ ਤੇ ਭਾਰਤ ਸਰਕਾਰ ਵਲੋਂ ਸਿੱਖ/ਸਹਿਜਧਾਰੀ ਸਿੱਖ ਯਾਤਰੂਆਂ ਦੇ ਜੱਥੇ ਪਾਕਿਸਤਾਨ ਭੇਜੇ ਜਾਣ ਦੀ ਸੰਭਾਵਨਾ ਹੈ:-

| ਲੜੀ ਨੰ: | ਸਮਾਗਮ | ਮਹੀਨਾ | ਸਾਲ |
|---|---|---|---|
| 1 | ਵਿਸਾਖੀ | ਅਪ੍ਰੈਲ | 2018 |
| 2 | ਸ਼ਹੀਦੀ ਦਿਵਸ ਸ਼੍ਰੀ ਗੁਰੂ ਅਰਜਨ ਦੇਵ ਜੀ | ਮਈ | 2018 |
| 3 | ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | ਜੂਨ | 2018 |
| 4 | ਗੁਰੂਪੁਰਬ ਸ਼੍ਰੀ ਗੁਰੂ ਨਾਨਕ ਦੇਵ ਜੀ | ਨਵੰਬਰ | 2018 |

2. ਉਪਰੋਕਤ ਜੱਥਿਆਂ ਨਾਲ ਸਰਕਾਰ ਵਲੋਂ ਸੰਪਰਕ ਅਫਸਰ ( Liaison Officer ) ਅਤੇ ਪ੍ਰੇਖਕ ਨਿਯਕਤ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀ, ਜਿਹੜੇ ਸੀਨੀਅਰ ਸਹਾਇਕ ਜਾਂ ਇਸ ਤੋਂ ਉਪਰਲੇ ਕਿਸੇ ਪਦਵੀ ਤੇ ਨਿਯੁਕਤ ਹਨ, ਉਪਰੋਕਤ ਨਿਯੁਕਤੀ ਲਈ ਯੋਗ ਹਨ। ਅਫਸਰ ਸਾਹਿਬਾਨ/ਕਰਮਚਾਰੀ, ਜਿਹੜੇ ਇਨ੍ਹਾਂ ਜੱਥਿਆਂ ਨਾਲ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਦੇ ਤੌਰ ਤੇ ਜਾਣ ਲਈ ਇਛੁੱਕ ਹੋਣ, ਉਹ ਆਪਣੇ ਬਿਨੈ-ਪੱਤਰ (ਨਾਲ ਨੱਥੀ ਪ੍ਰੋਫਾਰਮੇ ਅਨੁਸਾਰ) ਆਪਣੇ ਵਿਭਾਗ ਦੇ ਮੁੱਖੀ ਰਾਹੀਂ ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) 6ਵੀਂ ਮੰਜਿਲ (ਹਾਲ), ਪੰਜਾਬ ਸਿਵਲ ਸਕੱਤਰੇਤ ਚੰਡੀਗੜ੍ਹ ਨੂੰ ਮਿਤੀ 31-12-2017 ਤੱਕ ਹਰ ਹਾਲਤ ਵਿੱਚ ਭੇਜਣ ਦੀ ਖੇਚਲ ਕਰਨ। ਇਸ ਮਿਤੀ ਤੋਂ ਬਾਅਦ ਭੇਜੀਆਂ ਗਈਆਂ ਪ੍ਰਤੀਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਸਬੰਧਤ ਪ੍ਰਤੀਬੇਨਤੀ ਤੇ ਵਿਭਾਗ ਦੇ ਮੁੱਖੀ ਵਲੋਂ ਇਹ ਤਸਦੀਕ ਕੀਤਾ ਜਾਵੇ ਕਿ ਬਿਨੈਕਾਰ ਵਿਰੁੱਧ ਕੋਈ ਵੀ ਫੌਜਦਾਰੀ / ਵਿਭਾਗੀ ਕਾਰਵਾਈ ਦਾ ਕੇਸ ਲੰਬਿਤ ਨਹੀਂ ਹੈ।

3. ਸਕੱਤਰੇਤ ਵਿਖੇ ਕੰਮ ਕਰਦੇ ਚਾਹਵਾਨ ਯੋਗ ਅਧਿਕਾਰੀ/ਕਰਮਚਾਰੀ ਆਪਣੇ ਬਿਨੈ ਪੱਤਰ ਸਕੱਤਰੇਤ ਪ੍ਰਸ਼ਾਸਨ ਰਾਹੀਂ ਭੇਜਣ ਦੀ ਖੇਚਲ ਕਰਨ। ਸਕੱਤਰੇਤ ਪ੍ਰਸ਼ਾਸਨ ਦੀ ਪ੍ਰਵਾਨਗੀ ਬਿਨ੍ਹਾਂ ਪ੍ਰਾਪਤ ਹੋਏ ਪੱਤਰਾਂ ਨੂੰ ਵਿਚਾਰਿਆ ਨਹੀਂ ਜਾਵੇਗਾ।

4. ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕੇਵਲ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੇ ਬਿਨੈ ਪੱਤਰਾਂ ਤੇ ਹੀ ਵਿਚਾਰ ਕੀਤਾ ਜਾਵੇਗਾ, ਜਿਹੜੇ ਪਿਛਲੇ 5 ਸਾਲਾਂ ਦੌਰਾਨ ਜੱਥੇ ਨਾਲ ਕਦੇ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਨਹੀਂ ਗਏ। ਜਿਹੜੇ ਅਧਿਕਾਰੀ/ਕਰਮਚਾਰੀ ਪਹਿਲਾਂ ਕਦੀ ਵੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਪਾਕਿਸਤਾਨ ਨਹੀਂ ਗਏ, ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇਗੀ। ਅਧੂਰੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5. ਕਿਸੇ ਵੀ ਬਿਨੈਕਾਰ ਨੂੰ ਜੇਕਰ ਉਹ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਕੀਤਾ ਜਾਂਦਾ ਹੈ, ਤਾਂ ਉਸ ਨੂੰ ਆਮ ਹਾਲਾਤਾਂ ਵਿੱਚ ਆਪਣਾ ਬਿਨੈ ਪੱਤਰ ਵਾਪਿਸ ਲੈਣ ਦੀ ਆਗਿਆ ਨਹੀਂ ਹੋਵੇਗੀ।

6. ਹਰ ਸਹਿਜਧਾਰੀ ਸਿੱਖ ਨੂੰ ਜੇਕਰ ਉਸ ਦੀ ਨਿਯੁਕਤੀ ਬਤੌਰ ਸੰਪਰਕ ਅਫਸਰ ਜਾਂ ਪ੍ਰੇਖਕ ਕੀਤੀ ਜਾਂਦੀ ਹੈ ਤਾਂ ਪਾਕਿਸਤਾਨ ਅੰਬੈਸੀ, ਨਵੀਂ ਦਿੱਲੀ ਤੋਂ ਵੀਜ਼ਾ ਪ੍ਰਾਪਤ ਕਰਨ ਵੇਲੇ, ਜੇਕਰ ਲੋੜ ਹੋਈ, ਇਹ ਹਲਫੀਆ ਬਿਆਨ (**Affidavit**) ਦੇਣਾ ਪਵੇਗਾ ਕਿ ਉਹ ਬੋਨਾਫਾਈਡ ਸਹਿਜਧਾਰੀ ਸਿੱਖ ਹੈ।

ਸੁਪਰਡੰਟ
ਸ਼ਾਖਾ

ਨੰ: 9/2/2017-ਜੀ.ਸੀ.(1)/ 18241 ਮਿਤੀ, ਚੰਡੀਗੜ੍ਹ: 7-12-17

ਉਤਾਰਾ ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ, ਪੰਜਾਬ ਸਰਕਾਰ ਨੂੰ ਸੂਚਨਾ/ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ
ਸ਼ਾਖਾ

ਨੰ: 9/2/2017-ਜੀ.ਸੀ.(1)/ 18242 ਮਿਤੀ, ਚੰਡੀਗੜ੍ਹ: 7-12-17

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਸਕੱਤਰ/ਮੰਤਰੀ ਸਾਹਿਬਾਨ।
2. ਸਮੂਹ ਨਿੱਜੀ ਸਕੱਤਰ/ ਨਿੱਜੀ ਸਹਾਇਕ/ ਸਪੈਸ਼ਲ ਸਕੱਤਰ/ ਵਧੀਕ ਸਕੱਤਰ/ ਸੰਯੁਕਤ ਸਕੱਤਰ/ ਉਪ ਸਕੱਤਰ/ ਅਧੀਨ ਸਕੱਤਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕਰਨ।

ਸੁਪਰਡੰਟ
ਸ਼ਾਖਾ

# ਪ੍ਰੋਫਾਰਮਾ

1. ਨਾਂ ------------------------------------

2. ਪਿਤਾ /ਪਤੀ ਦਾ ਨਾ ------------------------------------

3. ਜਨਮ ਮਿਤੀ ------------------------------------

4. ਜਨਮ ਅਸਥਾਨ ------------------------------------

5 ਘਰ ਦਾ ਮੌਜੂਦਾ ਪਤਾ ਅਤੇ ਟੈਲੀਫੋਨ / ਮੋਬਾਇਲ ਨੰ: ------------------------------------

6. ਦਫਤਰ ਦਾ ਮੌਜੂਦਾ ਪਤਾ ਅਤੇ ਟੈਲੀਫੋਨ ਨੰ: ------------------------------------

7. ਪਾਸਪੋਰਟ ਨੰ: ------------------------------------
(ਪਾਸਪੋਰਟ ਦੀ ਤਸਦੀਕਸ਼ੁਦਾ ਕਾਪੀ ਨੱਥੀ ਕੀਤੀ ਜਾਵੇ)

8. ਪਾਸਪੋਰਟ ਕਿਸ ਮਿਤੀ ਤੱਕ ਯੋਗ ਹੈ ------------------------------------

9. ਵੋਟਰ ਕਾਰਡ ਦੀ ਕਾਪੀ ਜਾਂ ਅਧਾਰ ਕਾਰਡ ਦੀ ਕਾਪੀ ------------------------------------

10. ਆਸਾਮੀ ਅਤੇ ਤਨਖਾਹ ਸਕੇਲ ------------------------------------

11 ਰਿਟਾਇਰਮੈਂਟ ਦੀ ਮਿਤੀ ------------------------------------

12. ਕੀ ਤੁਹਾਡੇ ਵਿਰੁੱਧ ਕੋਈ ਕਰੀਮੀਨਲ ਕੇਸ ਜਾ ਕੋਈ ਵਿਭਾਗੀ ਅਨੁਸਾਸਨੀ ਕਾਰਵਾਈ ਦਾ ਕੇਸ ਲੰਬਿਤ ਤਾ ਨਹੀ ਹੈ? ਜੇ ਹੈ ਤਾ ਉਸਦਾ ਵੇਰਵਾ ------------------------------------

13. ਕੀ ਪਹਿਲਾਂ ਕਦੇ ਬਤੌਰ ਸੰਪਰਕ ਅਫਸਰ/ਪ੍ਰੇਖਕ ਨਿਯੁਕਤ ਹੋਏ ਹੋ? ਜੇਕਰ ਹਾਂ , ਤਾਂ ਪੂਰਾ ਵੇਰਵਾ ------------------------------------

14. ਜੇਕਰ ਪਹਿਲਾਂ ਕੋਈ ਵਿਦੇਸੀ ਸਿੱਕਾ ਲਿਆ ਹੋਵੇ ਤਾਂ ਮੰਤਵ ------------------------------------

15. ਕੀ ਸਹਿਜਧਾਰੀ ਸਿੱਖ ਹੋ ------------------------------------

16. ਕੀ ਪਹਿਲਾਂ ਕਦੇ ਪਾਕਿਸਤਾਨ ਗਏ ਹੋ ,ਜੇਕਰ ਹਾਂ ਤਾਂ ਪੂਰਾ ਵੇਰਵਾ ------------------------------------

17. ਜਥੇ ਨਾਲ ਜਾਣ ਵਾਲੇ ਪ੍ਰੀਵਾਰ ਦੇ ਮੈਬਰਾਂ/ਰਿਸਤੇਦਾਰਾਂ ਦਾ ਵੇਰਵਾ ਹੇਠ ਅਨੁਸਾਰ ਦਿੱਤਾ ਜਾਵੇ:-

| ਨਾਮ | ਰਿਸਤਾ | ਕਿੱਤਾ | ਘਰ ਦਾ ਮੌਜੂਦਾ ਪਤਾ | ਪਾਸਪੋਰਟ ਨੰ: ਅਤੇ ਮਿਆਦ ਦੀ ਕਾਪੀ ਨੱਥੀ ਕੀਤੀ ਜਾਵੇ |
|---|---|---|---|---|

ਇਹ ਤਸਦੀਕ ਕੀਤਾ ਜਾਦਾ ਹੈ ਕਿ ਮੇਰੇ ਵਲੋਂ ਦਿੱਤੀ ਗਈ ਸੂਚਨਾ ਸਹੀ /ਦੁਰੱਸਤ ਹੈ। ਇਸ ਵਿੱਚ ਮੇਰੇ ਵੱਲੋਂ ਕੁਝ ਵੀ ਛੁਪਾਕੇ ਨਹੀ ਰੱਖਿਆ ਗਿਆ ਹੈ।

ਬੇਨਤੀਕਾਰ ਦੇ ਹਸਤਾਖਰ

ਪਤਾ :

ਮਿਤੀ :